# ਆਪਣੇ ਬੱਚੇ ਨਾਲ ਪੜ੍ਹਨਾ

## 3-4 ਸਾਲ

Bookstart
BookTrust



booktrust.org.uk

BookTrust
Inspire a love of reading

## ਹਰ ਰੋਜ਼ ਕੇਵਲ 10 ਮਿੰਟ ਇਕੱਠੇ ਪੜ੍ਹਦੇ ਹੋਏ ਬਤੀਤ ਕਰਨਾ:

- ਤੁਹਾਡੇ ਬੱਚੇ ਦੀ ਸਮਾਜਿਕ ਅਤੇ ਭਾਵਾਤਮਿਕ ਮੁਹਾਰਤਾਂ ਦਾ ਵਿਕਾਸ ਕਰਨ ਵਿੱਚ ਮਦਦ ਕਰਦਾ ਹੈ
- ਤੁਹਾਡੇ ਨਾਲ ਉਹਨਾਂ ਦੇ ਸੰਬੰਧ ਨੂੰ ਮਜ਼ਬੂਤ ਬਣਾਉਂਦਾ ਹੈ
- ਉਹਨਾਂ ਨੂੰ ਇੱਕ ਵਿਸ਼ਵਾਸੀ, ਖੁਸ਼ ਵਿਦਿਆਰਥੀ ਬਣਨ ਵਿੱਚ ਮਦਦ ਕਰਦਾ ਹੈ

# ਹੈਲੋ ਮਾਤਾ, ਪਿਤਾ ਅਤੇ ਦੇਖਭਾਲ ਕਰਨ ਵਾਲਿਓ!

ਅਸੀਂ ਮੰਨਦੇ ਹਾਂ ਕਿ ਸਕੂਲ ਲਈ ਤਿਆਰ ਹੋਣ ਲਈ ਆਪਣੇ ਬੱਚੇ ਨਾਲ ਪੜ੍ਹਨਾ, ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ।

ਇਹ ਕਿਤਾਬਚਾ ਤੁਹਾਨੂੰ ਆਪਣੇ ਬੱਚੇ ਨਾਲ ਪੜ੍ਹਨ ਦੇ ਸੰਬੰਧ ਵਿੱਚ ਸਾਡੇ ਕੇਵਲ ਕੁਝ ਮਨਪਸੰਦ ਸੁਝਾਅ ਦਿੰਦਾ ਹੈ – ਸਾਡੇ ਨਾਲ ਆਨਲਾਈਨ ਵੀ ਜੁੜੋ, ਅਤੇ ਕਹਾਣੀਆਂ, ਕਿਤਾਬਾਂ ਅਤੇ ਕਵਿਤਾਵਾਂ ਨੂੰ ਸਾਂਝੇ ਕਰਨ ਦੇ ਜਾਦੂ ਬਾਰੇ ਹੋਰ ਜਾਣੋ।






www.bookstart.org.uk/have-some-fun

# ਤੁਹਾਨੂੰ ਹਰ ਰੋਜ਼ ਇਕੱਠੇ ਕਿਤਾਬਾਂ ਦਾ ਅਨੰਦ ਮਾਨਣ ਵਿੱਚ ਸਹਾਇਤਾ ਕਰਨ ਲਈ ਸੁਝਾਅ

- ਜਾਨਵਰਾਂ ਦੀਆਂ ਆਵਾਜ਼ਾਂ ਕੱਢੋ ਜਾਂ ਧੁਨੀ ਪ੍ਰਭਾਵ ਉਤਪੰਨ ਕਰੋ - ਇਹ ਕਹਾਣੀ ਵਿੱਚ ਜਾਨ ਪਾਉਣ ਵਿੱਚ ਮਦਦ ਕਰਦੇ ਹਨ ਅਤੇ ਤੁਹਾਨੂੰ ਦੋਨਾਂ ਨੂੰ ਹਸਾਉਣਗੇ!

- ਇਕੱਠੇ ਲਾਡ-ਪਿਆਰ ਕਰੋ ਜਾਂ ਭਰਾਵਾਂ ਅਤੇ ਭੈਣਾਂ ਨੂੰ ਇਕੱਠੇ ਹੋਣ ਲਈ ਬੁਲਾਓ ਅਤੇ ਇਕੱਠੇ ਕਹਾਣੀਆਂ ਅਤੇ ਕਵਿਤਾਵਾਂ ਦਾ ਅਨੰਦ ਮਾਣੋ।

- ਜਦੋਂ ਤੁਸੀਂ ਇਕੱਠੇ ਪੜ੍ਹ ਰਹੇ ਹੋਵੋ ਤਾਂ ਇਸ ਤਰ੍ਹਾਂ ਦੇ ਪ੍ਰਸ਼ਨ ਪੁੱਛੋ:
  'ਤੁਸੀਂ ਇਸ ਪੰਨੇ 'ਤੇ ਕੀ ਦੇਖ ਸਕਦੇ ਹੋ?'
  'ਤੁਹਾਨੂੰ ਕੀ ਲੱਗਦਾ ਹੈ ਕਿ ਪਾਤਰ ਕਿਵੇਂ ਮਹਿਸੂਸ ਕਰਦੇ ਹਨ?'



- ਆਪਣੇ ਬੱਚੇ ਨੂੰ ਕਹਾਣੀਕਾਰ ਬਣਨ ਦਿਓ। ਉਹ ਤੁਹਾਡੇ ਲਈ ਤਸਵੀਰਾਂ 'ਪੜ੍ਹ' ਸਕਦੇ ਹਨ ਅਤੇ ਇਸ ਬਾਰੇ ਗੱਲ ਕਰ ਸਕਦੇ ਹਨ ਕਿ ਪੰਨੇ 'ਤੇ ਕੀ ਹੋ ਰਿਹਾ ਹੈ।

- ਸ਼ੋਰ, ਟੈਲੀਵਿਜ਼ਨ ਅਤੇ ਮੋਬਾਈਲ ਫੋਨਾਂ ਤੋਂ ਦੂਰ ਕੋਈ ਸ਼ਾਂਤ ਜਗ੍ਹਾਂ ਲੱਭੋ।

- ਜੇਕਰ ਤੁਸੀਂ ਅਰਾਮਦੇਹ ਮਹਿਸੂਸ ਕਰਦੇ ਹੋ, ਤਾਂ ਹਾਸੇ ਭਰੇ ਚਿਹਰੇ ਬਣਾਉਣ ਜਾਂ ਪਾਤਰਾਂ ਦੀ ਆਵਾਜ਼ ਕੱਢਣ ਦੀ ਕੋਸ਼ਿਸ਼ ਕਰੋ -ਇਹ ਹਮੇਸ਼ਾ ਬੱਚਿਆਂ ਨੂੰ ਹਸਾਉਂਦੇ ਹਨ!



# ਤਸਵੀਰਾਂ ਨੂੰ ਦੇਖੋ ਅਤੇ ਉਹਨਾਂ ਬਾਰੇ ਗੱਲ ਕਰਨਾ ਸ਼ੁਰੂ ਕਰੋ










- ਕੀ ਤੁਸੀਂ ਡਾਇਨਾਸੌਰ ਜਾਂ ਖਰਗੋਸ਼ ਨੂੰ ਦੇਖ ਸਕਦੇ ਹੋ? ਤੁਸੀਂ ਹੋਰ ਕੀ ਦੇਖ ਸਕਦੇ ਹੋ?
- ਇੱਥੇ ਕਿੰਨੇ ਕੇਲੇ ਹਨ?
- ਬੱਚੇ ਕਿਹੜੀਆਂ ਖੇਡਾਂ ਖੇਡ ਰਹੇ ਹਨ?











ਜਿੰਨਾ ਜ਼ਿਆਦਾ ਤੁਸੀਂ ਇਕੱਠੇ ਗੱਲ ਕਰੋਗੇ, ਤੁਹਾਡਾ ਬੱਚਾ ਉੱਨੇ ਹੀ ਜ਼ਿਆਦਾ ਸ਼ਬਦ ਸਿੱਖੇਗਾ।

# ਕਰਨ ਵਾਲੇ ਕੰਮ

- ਜਦੋਂ ਤੁਸੀਂ ਬਾਹਰ ਅਤੇ ਇਕੱਠੇ ਹੁੰਦੇ ਹੋ ਤਾਂ ਅਨੁਮਾਨ ਲਗਾਉਣ ਵਾਲੀ ਇੱਕ ਖੇਡ ਖੇਡੋ। ਆਪਣੇ ਬੱਚੇ ਨੂੰ ਪੁੱਛੋ ਕਿ ਉਹ ਬੱਸਾਂ, ਪੋਸਟਰਾਂ ਅਤੇ ਨਿਸ਼ਾਨਾਂ ਉੱਤੇ ਕਿਹੜੇ ਨੰਬਰ ਜਾਂ ਅੱਖਰ ਦੇਖ ਸਕਦੇ ਹਨ।

- ਪੈਂਸਿਲਾਂ ਜਾਂ ਰੰਗਾਂ ਦੇ ਨਾਲ ਕਾਗਜ਼ ਉੱਤੇ ਨਿਸ਼ਾਨ ਬਣਾਉਣ ਨਾਲ ਆਪਣੇ ਬੱਚੇ ਨੂੰ ਮਜ਼ੇ ਲੈਣ ਦਿਓ। ਤਸਵੀਰ ਬਣਾਉਣ ਲਈ ਕੋਈ ਵੀ ਤਰੀਕਾ ਸਹੀ ਜਾਂ ਗ਼ਲਤ ਨਹੀਂ ਹੈ - ਇਹ ਲਿਖਣ ਅਤੇ ਡਰਾਇੰਗ ਕਰਨ ਦਾ ਬਿਲਕੁਲ ਪਹਿਲਾ ਪੜਾਅ ਹੈ।

- ਆਪਣੇ ਬੱਚੇ ਨੂੰ ਬਹੁਤ ਸਾਰੇ ਸਵਾਲ ਪੁੱਛਣ ਲਈ ਉਤਸ਼ਾਹਿਤ ਕਰੋ। ਸਵਾਲ ਪੁੱਛਣਾ, ਵਿਦਿਆਰਥੀ ਲਈ ਲੋੜੀਂਦੀਆਂ ਸਭ ਤੋਂ ਜ਼ਰੂਰੀ ਮੁਹਾਰਤਾਂ ਵਿੱਚੋਂ ਇੱਕ ਹੈ!



# ਜ਼ਿਆਦਾ ਦੀ ਭਾਲ ਕਰ ਰਹੇ ਹੋ?

- ਆਪਣੀ ਸਥਾਨਕ ਲਾਈਬ੍ਰੇਰੀ ਵਿੱਚ ਜਾਓ ਜਿੱਥੇ ਤੁਸੀਂ ਮੁਫ਼ਤ ਵਿੱਚ ਕਿਤਾਬਾਂ ਲੈ ਸਕਦੇ ਹੋ। ਦੇਖੋ ਕਿ ਕੀ ਉਹ ਇੱਕ ਰ੍ਹਾਈਮਟਾਈਮ ਜਾਂ ਸਟੋਰੀਟਾਈਮ ਸੈਸ਼ਨ ਚਲਾਉਂਦੇ ਹਨ ਜਿੱਥੇ ਤੁਸੀਂ ਹੋਰ ਪਰਿਵਾਰਾਂ ਨੂੰ ਮਿਲ ਸਕਦੇ ਹੋ ਅਤੇ ਇਕੱਠੇ ਕਵਿਤਾਵਾਂ ਦਾ ਆਨੰਦ ਮਾਣ ਸਕਦੇ ਹੋ!
- ਆਪਣੇ ਡਾਕਟਰ ਤੋਂ ਯੁਕਤੀਆਂ ਲਈ ਪੁੱਛੋ ਕਿ ਤੁਸੀਂ ਇਕੱਠੇ ਕਿਤਾਬਾਂ ਸਾਂਝੀਆਂ ਕਰ ਕੇ ਆਪਣੇ ਛੋਟੇ ਬੱਚੇ ਦੇ ਵਿਕਾਸ ਦਾ ਸਮਰਥਨ ਕਿਵੇਂ ਕਰ ਸਕਦੇ ਹੋ।
- ਬੁੱਕ ਟਰੱਸਟ ਦੇ ਨਾਲ ਆਨਲਾਈਨ ਬਹੁਤ ਵਧੀਆ ਕਿਤਾਬਾਂ ਲੱਭੋ! ਸਾਡੀ ਵੈਬਸਾਈਟ ‘ਤੇ ਖੇਡਾਂ ਅਤੇ ਆਨਲਾਈਨ ਕਹਾਣੀਆਂ ਵਾਲੀਆਂ ਕਿਤਾਬਾਂ ਸਮੇਤ ਸਾਡੇ ਕੋਲ ਕਿਤਾਬਾਂ ਦਾ ਅਨੰਦ ਲੈਣ ਲਈ ਬਹੁਤ ਸਾਰੀਆਂ ਯੋਜਨਾਵਾਂ ਹਨ।



# ਕਿਤਾਬਾਂ ਚੁਣਨਾ

ਬੁੱਕ ਟਰੱਸਟ ਉਹਨਾਂ ਕਿਤਾਬਾਂ ਨੂੰ ਚੁਣਦਾ ਹੈ ਜੋ ਕਲਪਨਾਵਾਂ ਦੀਆਂ ਸਿਰਜਣਾ ਕਰਦੀਆਂ ਹਨ ਅਤੇ ਮਜ਼ੇਦਾਰ ਹੁੰਦੀਆਂ ਹਨ।

ਸ਼ਾਨਦਾਰ ਕਿਤਾਬ ਦੇ ਬਹੁਤ ਸਾਰੇ ਸੁਝਾਅ ਵੇਖਣ ਲਈ ਸਾਡੇ ਨਾਲ ਆਨਲਾਈਨ ਜੁੜੋ!


www.bookstart.org.uk/books



ਸਾਡੀ ਵੈੱਬਸਾਈਟ 'ਤੇ ਸਾਂਝੀਆਂ ਕਰਨ ਲਈ ਹੋਰ ਕਿਤਾਬਾਂ ਲੱਭਣ ਦਾ ਮਜ਼ਾ ਲਓ ਅਤੇ ਆਪਣੇ ਬੁੱਕਸਟਾਰਟ ਪੈਕ ਵਿਚ ਕਿਤਾਬ ਪੜ੍ਹਨ ਦਾ ਅਨੰਦ ਮਾਣੋ। ਇੱਕ ਕਿਤਾਬ ਨੂੰ ਵਾਰ-ਵਾਰ ਪੜ੍ਹਨਾ ਠੀਕ ਹੈ ਕਿਉਂਕਿ ਪਰੀਚਿਤ ਕਿਤਾਬਾਂ ਅਰਾਮਦੇਹ ਹੁੰਦੀਆਂ ਹਨ ਅਤੇ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ।

ਇੱਥੇ ਬਹੁਤ ਵਧੀਆ ਕਿਤਾਬਾਂ ਦੀ ਇੱਕ ਉਦਾਹਰਨ ਹੈ ਜੋ ਤੁਸੀਂ ਬੁੱਕਸਟਾਰਟ ਬੁੱਕ ਫਾਈਂਡਰ 'ਤੇ ਵੇਖ ਸਕਦੇ ਹੋ!




## Duck in the Truck

"Duck in the Truck ਮੇਰੀ 3 ਸਾਲ ਦੀ ਧੀ ਨੂੰ ਹਸਾਉਣ ਵਿੱਚ ਕਦੇ ਅਸਫਲ ਨਹੀਂ ਹੁੰਦੀ। ਕਿਤਾਬ ਬਾਰੇ ਇੰਨੀ ਪਿਆਰੀ ਗੱਲ, ਦਿਲਕਸ਼ ਕਵਿਤਾ ਅਤੇ ਤਸਵੀਰਾਂ ਦਾ ਸੰਤੁਲਨ ਹੈ। ਅਸੀਂ ਇਸ ਨੂੰ ਪਸੰਦ ਕਰਦੇ ਹਾਂ!"

# ਹਰ ਰੋਜ਼ ਇੱਕਠੇ ਪੜ੍ਹੋ ਅਤੇ ਆਪਣੇ ਬੱਚੇ ਨੂੰ ਕਿਤਾਬਾਂ ਅਤੇ ਪੜ੍ਹਨ ਲਈ ਜੀਵਨ ਭਰ ਦਾ ਪਿਆਰ ਦਿਓ।



ਆਪਣੇ ਬੱਚੇ ਨਾਲ ਕਹਾਣੀਆਂ, ਕਿਤਾਬਾਂ ਅਤੇ ਕਵਿਤਾਵਾਂ ਸਾਂਝੀਆਂ ਕਰਨ ਦੇ ਜਾਦੂ ਬਾਰੇ ਹੋਰ ਜਾਣਨ ਲਈ booktrust.org.uk 'ਤੇ ਜਾਓ

## ਪੜ੍ਹਨ ਦਾ ਅਨੰਦ ਲਓ!

ਬੁੱਕ ਟਰੱਸਟ ਇੱਕ ਚੈਰਿਟੀ ਹੈ ਜੋ ਪੜ੍ਹਨ ਦੇ ਪਿਆਰ ਨੂੰ ਪ੍ਰੇਰਿਤ ਕਰਨ ਦੁਆਰਾ ਜ਼ਿੰਦਗੀਆਂ ਨੂੰ ਬਦਲਣ ਲਈ ਕੰਮ ਕਰਦੀ ਹੈ। ਅਸੀਂ ਜਾਣਦੇ ਹਾਂ ਕਿ ਖੁਸ਼ੀ ਲਈ ਪੜ੍ਹਨਾ ਬੱਚਿਆਂ ਨੂੰ ਸਕੂਲ ਵਿਚ ਵਧੀਆ ਕੰਮ ਕਰਨ ਵਿਚ ਮਦਦ ਕਰਦਾ ਹੈ ਅਤੇ ਉਹਨਾਂ ਦੀ ਤੰਦਰੁਸਤੀ ਨੂੰ ਵਧਾਉਂਦਾ ਹੈ, ਇਸ ਲਈ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਹਰੇਕ ਬੱਚਾ ਕਹਾਣੀਆਂ ਅਤੇ ਕਿਤਾਬਾਂ ਦਾ ਆਨੰਦ ਮਾਣ ਸਕੇ, ਅਸੀਂ ਸਭ ਕੁਝ ਕਰਦੇ ਹਾਂ।

ਅਸੀਂ ਆਸ ਕਰਦੇ ਹਾਂ ਕਿ ਪੜ੍ਹਨਾ ਤੁਹਾਡੇ ਰੋਜ਼ਾਨਾ ਰੁਟੀਨ ਦਾ ਇੱਕ ਹਿੱਸਾ ਬਣ ਜਾਵੇਗਾ ਜਿਸ ਲਈ ਸਾਰਾ ਪਰਿਵਾਰ ਉਤਾਵਲਾ ਹੈ।

ਚੈਰਿਟੀ ਨੰਬਰ 313343

booktrust.org.uk

BookTrust
Inspire a love of reading